# ਪੰਜਾਬ ਰਾਜ ਬਿਜਲੀ ਬੋਰਡ
# ਜਨਤਕ ਨੋਟਿਸ

## ਪੰਜਾਬ ਰਾਜ ਬਿਜਲੀ ਬੋਰਡ ਦੁਆਰਾ ਵਿੱਤੀ ਸਾਲ 2008-09 ਲਈ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਕੋਲ ਦਾਇਰ ਕੀਤੀ ਗਈ ਸਮੁੱਚੀ ਮਾਲੀਆ ਮੰਗ ਅਤੇ ਵਿਸਤ੍ਰਿਤ ਟੈਰਿਫ ਪਟੀਸ਼ਨ ਦੇ ਸੰਬੰਧ ਵਿਚ।

1. ਸਾਰਿਆਂ ਨੂੰ ਇਸ ਨਾਲ ਨੋਟਿਸ ਦਿੱਤਾ ਜਾਂਦਾ ਹੈ ਕਿ ਪੰਜਾਬ ਰਾਜ ਬਿਜਲੀਬੋਰਡ (ਬੋਰਡ) ਜ਼ੋ ਕਿ ਬਿਜਲੀ ਉਤਪਾਦਨ, ਸੰਚਾਰ ਅਤੇ ਵੰਡ ਅਤੇ ਸੰਬੰਧਤ ਪ੍ਰਕਿਰਿਆਵਾਂ ਵਿਚ ਜੁਟਿਆ ਹੋਇਆ ਹੈ, ਨੇ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਕਮਿਸ਼ਨ) ਦੇ ਸਨਮੁਖ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ (ਟੈਰਿਫ ਨਿਰਧਾਰਣ ਲਈ ਬਾਨ੍ਹਾਂ ਅਤੇ ਸ਼ਰਤਾਂ) ਵਿਨਿਯਮ, 2005 ਦੇ ਵਿਨਿਯਮ 13 ਅਧੀਨ 12.2.2008 ਨੂੰ ਸਾਲ 2008-09 ਲਈ ਆਪਣੇ ਉਤਾਪਾਦਨ, ਸੰਚਾਰ ਅਤੇ ਵੰਡ ਬਿਜਨਸ ਲਈ ਸਮੁੱਚੀਪ ਮਾਲੀਆ ਮੰਗ (ਏ.ਆਰ.ਆਰ) ਅਤੇ ਵਿਸਤ੍ਰਿਤ ਟੈਰਿਫ ਪਟੀਸ਼ਨ ਦਾਇ੍ਰਿਰ ਕੀਤੀ ਹੈ। ਸਮੁੱਚੀ ਮਾਲੀਆ ਮੰਗ ਦਾ ਸਾਰੰਸ਼ ਅਤੇ ਮਾਲੀਏ ਦਾ ਅੰਤਰ ਹੇਠ ਦਿਤੀ ਅੰਕੜਾ-ਸਾਰਨੀ (ਟੇਬਲ) ਵਿਚ ਦਿੱਤਾ ਜਾਂਦਾ ਹੈ। ਇੰਦਰਾਜ਼ ਮਾਨਯੋਗ ਕਮਿਸ਼ਨ ਦੁਆਰਾ 2008 ਦੇ ਨੰ: 5 ਵਿਚ ਰਿਕਾਰਡ ਉਤੇ ਕਰ ਲਿਆ ਗਿਆ ਹੈ।

## ਮੌਜੂਦਾ ਟੈਰਿਫ ਅਤੇ ਮਾਲੀਏ ਦੇ ਅੰਤਰ ਦੀ ਦਰ ਤੇ ਸਮੁੱਚੀ ਮਾਲੀਆ ਮੰਗ (ਏ.ਆਰ.ਆਰ) ਅਤੇ ਕੁਲ ਮਾਲੀਆ

| ਲਾਗਤਾਂ ਦੇ ਵੇਰਵੇ | (ਕਰੋੜਾਂ ਰੁ: ਵਿਚ) | | |
|---|---|---|---|
| | ਵਿਤੀ ਸਾਲ 2006-07 (ਵਾਸਤਵਿਕ) | ਵਿਤੀ ਸਾਲ 2007-08 (ਆਰ.ਈ.) | ਵਿਤੀ ਸਾਲ 2008-09 (ਪ੍ਰੋਜੈਕਟਡ) |
| ਈਂਧਣ | 2435.97 | 2601.00 | 2978.00 |
| ਖਰੀਦੀ ਬਿਜਲੀ | 4250.80 | 5619.30 | 5560.30 |
| ਕਰਮਚਾਰੀ | 1754.35 | 2061.95 | 2225.01 |
| ਮੁਰੰਮਤ ਅਤੇ ਸਾਂਭ-ਸੰਭਾਲ | 285.30 | 339.99 | 398.30 |
| ਪ੍ਰਸਾਸ਼ਕੀ ਅਤੇ ਜਨਰਲ ਖਰਚੇ | 59.49 | 71.93 | 90.34 |
| ਵਿਆਜ ਅਤੇ ਵਿੱਤ ਚਾਰਜਿਜ਼ | 884.30 | 1087.01 | 1394.94 |
| ਮੂਲ ਘਾਟਾ | 705.11 | 640.11 | 783.32 |
| ਫਰਿੰਜ ਫਾਇਦਾ ਦਰ | 4.56 | 5.00 | 5.20 |
| ਆਸਾਧਾਰਣ ਮੱਦਾਂ ਅਤੇ ਹੋਰ ਡੈਬਿਟ | 7.68 | 7.68 | 7.68 |
| **ਕੁੱਲ ਲਾਗਤ** | **10387.54** | **12433.79** | **13442.78** |
| ਜਮਾਂ : ਉਚਿਤ ਪ੍ਰਤਿਫਲ | 412.50 | 412.50 | 412.50 |
| ਜਮਾਂ : ਪਹਿਲੇ ਸਮੇਂ ਦੇ ਅੰਤਰ ਦੀ ਵਸੂਲੀ | | | |
| ਮਨਫੀ : ਬਗੈਰ-ਟੈਰਿਫ ਆਮਦਨ | 434.61 | 369.42 | 342.00 |
| **ਸਲਾਨਾ ਮਾਲੀਆ ਮੰਗ** | **10365.38** | **12476.83** | **13513.24** |
| ਨਿਮਨ ਦੇ ਅੰਤਰਗਤ ਲਿਆਂਦੀ ਜਾਣ ਵਾਲੀ | | | |
| ਮੌਜੂਦਾ ਟੈਰਿਫ ਦੀ ਦਰ ਤੇ ਮਾਲੀਆ | 6906.06 | 8299.84 | 9103.02 |
| ਖੇਤੀਬਾੜੀ ਨੂੰ ਪੰਜਾਬ ਸਰਕਾਰ ਦਾ ਉਪਦਾਨ | 1487.00 | 2159.84 | 2294.90 |
| ਘਰੇਲੂ ਉਪਦਾਨ | 50.00 | 200.00 | - |
| ਪਿਛਲੇ ਸਾਲਾਂ ਦਾ ਬਕਾਇਆ ਉਪਦਾਨ | (113.00) | 424.00 | - |

| | | | |
|---|---|---|---|
| ਪੰਜਾਬ ਸਰਕਾਰ ਤੋਂ ਵਸੂਲਿਆ ਜਾਣ ਵਾਲਾ ਪੰ.ਰਾ.ਬਿ.ਬੋਰਡ ਦੁਆਰਾ ਅਦਾ ਕੀਤਾ ਵਧੀਕ ਵਿਆਜ | | 289.92* | |
| ਮੌਜੂਦਾ ਟੈਰਿਫ ਦੀ ਦਰ ਤੇ ਮਾਲੀਆ + ਪੰਜਾਬ ਸਰਕਾਰ ਦਾ ਉਪਦਾਨ | 8330.00 | 11373.20 | 11397.90 |
| ਮਾਲੀਆ (ਅੰਤਰ)/ਵਾਫਰ | (2035.52) | (1103.58) | (2115.36) |
| ਸੰਚਿਤ (ਅੰਤਰ)/ਵਾਫਰ | (2035.52) | (3139.10) | (5254.47) |

- ਇਸ ਵਿਚ 2006-07 ਅਤੇ 2007-08 ਦੌਰਾਨ ਅਦਾ ਕੀਤੇ ਵਧੀਕ ਵਿਆਜ਼ ਦੇ ਕਾਰਨ ਪੰ;ਰਾ;ਬਿ;ਬੋਰਡ ਨੂੰ ਪੰਜਾਬ ਸਰਕਾਰ ਦੁਆਰਾ ਅਦਾਇਗੀ ਯੋਗ 198.04 ਰੁ. ਸ਼ਾਮਲ ਹਨ ਜਿਹੜੇ ਕਿ ਖਰਚਿਆਂ ਦੇ ਲੇਖੇ ਵਿਚ ਨਹੀਂ ਲਏ ਗਏ ਹਨ ਅਤੇ ਵਸੂਲੀਯੋਗ ਖਰਚਿਆਂ ਵਜੋ਼ ਦਰਸਾਏ ਗਏ ਹਨ।

2. ਬੋਰਡ ਨੇ ਸਾਲ 2008-09 ਲਈ 5254.47 ਕਰੋੜ ਰੁ. ਦਾ ਸੰਚਿਤ ਮਾਲੀਆ ਅੰਤਰ ਕੱਢਿਆ ਹੈ। **ਬੋਰਡ ਦੁਆਰਾ ਦਾਇਰ ਕੀਤੀ ਗਈ ਪਟੀਸ਼ਨ ਵਿਚ ਇਸ ਅੰਤਰ ਨੂੰ ਪੂਰਾ ਕਰਨ ਲਈ ਕੋਈ ਤਜਵੀਜ਼ ਨਹੀਂ ਦਿੱਤੀ ਗਈ ਹੈ ਅਤੇ ਇਹ ਪੇਸ਼ ਕੀਤਾ ਹੈ ਕਿ ਕਮਿਸ਼ਨ ਅੰਤਰ ਦਾ ਨਿਰਧਾਰਣ ਕਰੇ ਅਤੇ ਏ.ਆਰ.ਆਰ ਅਤੇ ਟੈਰਿਫ ਪਟੀਸ਼ਨ ਵਿਚ ਬੋਰਡ ਦੁਆਰਾ ਦਿੱਤੇ ਗਹੇ ਵੇਰਵਿਆਂ ਉਤੇ ਆਧਾਰਤ ਇਸ ਅਨੁਸਾਰ ਟੈਰਿਫ ਨਿਸਚਿਤ ਕਰੇ।**

3. ਬੋਰਡ ਦੀ ਵਿੱਤੀ ਸਾਲ 2008-09 ਲਈ ਸਮੁੱਚੀ ਮਾਲੀਆ ਮੰਗ (ਏ.ਆਰ.ਆਰ) ਅਤੇ ਵਿਸਤ੍ਰਿਤ ਟੈਰਿਫ ਪਟੀਸ਼ਨ ਮੁੱਖ ਇੰਜੀਨੀਅਰ/ਵਣਜ਼, ਪੰ;ਰਾ;ਬਿ;ਬੋਰਡ ਪਟਿਆਲਾ, ਤਾਲਮੇਲ (ਲਈਅਨ) ਅਫਸਰ, ਪੰ;ਰਾ;ਬਿ;ਬੋਰਡ, ਗੈਸ਼ਟ ਹਾਊਸ, ਨੇੜੇ ਯਾਦਵਿੰਦਰਾ ਪਬਲਿਕ ਸਕੂਲ, ਫੇਜ਼-8 ਮੁਹਾਲੀ ਦੇ ਦਫਤਰ ਵਿਚ ਅਤੇ ਸਾਰੇ ਮੁੱਖ ਇੰਜੀਨੀਅਰਾਂ (ਸੰਚਾਲਣ) ਅਤੇ ਸਾਰੇ ਨਿਗਰਾਨ ਇੰਜੀਨੀਅਰ; ਬੋਰਡ ਦੇ ਸੰਚਾਲਣ ਸਰਕਲਾਂ ਦੇ ਇੰਚਾਰਜ, ਦੇ ਦਫਤਰਾਂ ਵਿਚ ਵੀ ਉਪਲਬਧ ਹਨ।

4. ਚਾਹਵਾਨ ਵਿਅਕਤੀ ਬੋਰਡ ਦੀ ਉਕਤ ਸਮੁੱਚੀ ਮਾਲੀਆ ਮੰਗ (ਏ.ਆਰ.ਆਰ) ਅਤੇ ਵਿਸਤ੍ਰਿਤ ਟੈਰਿਫ ਪਟੀਸ਼ਨ ਦਾ ਨਿਰੀਖਣ ਅਤੇ ਘੋਖ ਪੜਤਾਲ ਕਰ ਸਕਦੇ ਹਨ ਅਤੇ ਉਪਰੋਕਤ ਉਕਤ ਦਫਤਰਾਂ ਤੇ ਦਫਤਰੀ ਘੰਟਿਆਂ ਦੌਰਾਨ ਉਨ੍ਹਾਂ ਦੇ ਨੋਟਸ ਮੁਫਤ ਲੈ ਸਕਦੇ ਹਨ।

5. ਉਪਰੋਕਤ ਦਸਤਾਵੇਜ਼ਾਂ ਦੀਆਂ ਕਾਪੀਆਂ ਵੀ ਉਪਰੋਕਤ ਦਫਤਰਾਂ ਤੋਂ 100/- **ਰੁ. ਪ੍ਰਤਿ ਸੈਂਟ** ਦੀ ਅਦਾਇਗੀ ਉਤੇ ਪ੍ਰਾਪਤ ਕਰ ਸਕਦੇ ਹਨ।

6. ਬੋਰਡ ਦੁਆਰਾ ਵਿੱਤੀ ਸਾਲ 2008-09 ਲਈ ਦਾਇਰ ਕੀਤੀ ਗਹੀ ਸਮੁੱਚੀ ਮਾਲੀਆ ਮੰਗ ਅਤੇ ਵਿਸਤ੍ਰਿਤ ਟੈਰਿਫ ਪਟੀਸ਼ਨ ਕਮਿਸ਼ਨ ਦੀ ਵੈਬ ਸਾਈਟ ਉਤੇ "pserc.nic.in" ਦੇ ਪਤੇ ਤੇ ਹੈ ਅਤੇ ਬੋਰਡ ਦੀ ਵੈਬ ਸਾਈਟ ਤੇ "psebindia.org" ਦੇ ਪਤੇ ਤੇ ਵੀ ਉਪਲਬਧ ਹੈ ਅਤੇ ਉਸ ਤੋਂ ਡਾਊਨਲੋਡ ਕੀਤੀ ਜਾ ਸਕਦੀ ਹੈ।

7. ਬੋਰਡ ਦੁਆਰਾ ਦਾਇਰ ਕੀਤੀ ਸਮੁੱਚੀ ਮਾਲੀ ਮੰਗ (ਏ.ਆਰ.ਆਰ) ਅਤੇ ਵਿਸਤ੍ਰਿਤ ਟੈਰਿਫ ਪਟੀਸ਼ਨ ਉਤੇ ਇਤਰਾਜ਼, ਜੇਕਰ ਕੋਈ ਹੋਵੇ, ਤਾਂ ਸਮਰਥਿਤ ਸਮੱਗਰੀ ਸਹਿਤ ਵਿਅਕਤੀਗਤ ਤੌਰ ਤੇ ਜਾਂ ਰਜਿਸਟਰਡ ਡਾਕ ਰਾਹੀਂ ਸਕੱਤਰ, ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ, ਐਸ.ਸੀ.ਓ. 220-221, ਸੈਕਟਰ 34-ਏ, ਚੰਡੀਗੜ੍ਹ ਕੋਲ ਦਾਇਰ ਕੀਤੇ ਜਾਣ ਤਾਂ ਕਿ ਇਹ ਇਸ ਨੋਟਿਸ ਦੇ ਪ੍ਰਕਾਸ਼ਨ ਤੋਂ 30 ਦਿਨਾਂ ਦੇ ਅੰਦਰ ਅੰਦਰ ਪਹੁੰਚ ਸਕਣ। ਇਸ ਦੀ ਕਾਪੀ ਮੁੱਖ ਇੰਜਨੀਅਰ/ਵਣਜ਼, ਪੰ;ਰਾ;ਬਿ;ਬੋਰਡ ਪਟਿਆਲਾ ਨੂੰ ਵੀ ਭੇਜੀ ਜਾਵੇ ਅਤੇ ਇਸ ਦੇ ਭੇਜਣ ਦਾ ਸਬੂਤ ਸਕੱਤਰ, ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਨੂੰ ਫਾਇਲ ਕੀਤੇ ਦੇ ਨਾਲ ਜ਼ਰੂਰ ਨੱਥੀ ਕੀਤਾ ਜਾਵੇ।

8. ਉਪਰੋਕਤ ਅਨੁਸਾਰ ਇਤਰਾਜ਼ 7 ਕਾਪੀਆਂ ਵਿਚ ਹੋਣੇ ਚਾਹੀਦੇ ਹਨ ਅਤੇ ਇਤਰਾਜ਼ ਭੇਜਣ ਵਾਲੇ ਵਿਅਕਤੀ ਦਾ ਪੂਰਾ ਨਾਮ ਅਤੇ ਡਾਕ ਪਤਾ ਵੀ ਹੋਣਾ ਚਾਹੀਦਾ ਹੈ ਅਤੇ ਵਿਧੀ ਪੂਰਵਕ ਤਸਦੀਕ ਕੀਤੇ ਹਲਫੀਏ ਬਿਆਨ ਨਾਲ ਸਮਰਥਿਤ ਹੋਣੇ ਚਾਹੀਦੇ ਹਨ। ਜੇਕਰ ਇਤਰਾਜ਼ ਕਿਸੇ ਸੰਗਠਨ ਜਾਂ ਖਪਤਕਾਰਾਂ ਦੀ ਕਿਸੇ ਸ੍ਰੇਣੀ ਦੀ ਤਰਫੋਂ ਦਾਇਰ ਕੀਤੇ ਜਾਂਦੇ ਹਨ ਤਾਂ ਇਹ ਇਸ ਤਰ੍ਹਾਂ ਦੱਸਿਆ ਜਾਣਾ ਚਾਹੀਦਾ ਹੈ। ਇਹ ਵੀ ਵਿਸੇਸ਼ ਕਰਕੇ ਦੱਸਿਆ ਜਾਂਵੇ ਕਿ ਜੇਕਰ ਇਤਰਾਜ਼/ਟਿਪਣੀਆਂ ਕਰਨ ਵਾਲਾ ਵਿਅਕਤੀ ਵਿਅਕਤੀਗਤ ਤੌਰ ਤੇ ਸੁਣੇ ਜਾਣ ਦੀ ਇੱਛਾ ਰੱਖਦਾ ਹੈ।

9. ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ, ਇਸ ਨੋਟਿਸ ਦੀ ਪ੍ਰਤਿਕਿਰਿਆ ਵਿਚ ਪ੍ਰਾਪਤ ਹਏ ਲਿਖਤੀ ਇਤਰਾਜ਼ਾ ਨੂੰ ਵਾਚਣ ਮਗਰੋਂ, ਅਜਿਹੇ ਇਤਰਾਜ਼ਕਰਤਾ ਨੂੰ ਜੇਕਰ ਉਚਿਤ ਸਮਝੇ ਤਾਂ ਉਸ ਮਿਤੀ ਨੂੰ ਸੁਣਵਾਈ ਲਈ ਬੁਲਾ ਸਕਦਾ ਹੈ ਜਿਹੜੀ ਕਿ ਕਮਿਸ਼ਨ ਦੁਆਰਾ ਨਿਯਤ ਸਮੇਛ ਵਿਚ ਅਧਿਸੂਚਿਤ ਕੀਤੀ ਜਾਵੇਗੀ।

**ਮੁੱਖ ਇੰਜੀਨੀਅਰ/ਵਣਜ਼,**
ਪੰ;ਰਾ;ਬਿ;ਬੋਰਡ, ਪਟਿਆਲਾ।